# ਵਿਵਾਦ ਨਾਲ ਨਜਿੱਠਣਾ

## Dealing with Conflict

ਗਾਈਡ / Guide

Punjabi | ਪੰਜਾਬੀ

**ਇਥੋਂ ਤੱਕ ਕਿ ਗ਼ੈਰ-ਰਸਮੀ, ਛੋਟੇ ਪੱਧਰ ਦੇ ਵਾਲੰਟੀਅਰ ਗਰੁੱਪਾਂ ਵਿੱਚ ਵੀ ਵਿਵਾਦ ਪੈਦਾ ਹੋ ਸਕਦੇ ਹਨ। ਵਿਵਾਦਾਂ ਨਾਲ ਨਜਿੱਠਣ ਲਈ ਯੋਜਨਾਬੱਧ ਪਹੁੰਚ ਹੋਣਾ ਵਧੀਆ ਹੱਲ ਨਿੱਕਲਣ ਵੱਲ ਲੈ ਜਾਵੇਗੀ। ਇਹ ਤੁਹਾਡੀ ਸੰਸਥਾ ਲਈ ਨੁਕਸਾਨ ਨੂੰ ਘਟਾ ਸਕਦਾ ਹੈ।**

### ਤਿਆਰ ਰਹੋ

ਬਹੁਤ ਸਾਰੇ ਮਾਮਲਿਆਂ ਵਿੱਚ, ਵਾਲੰਟੀਅਰਾਂ ਅਤੇ ਜਿਨ੍ਹਾਂ ਸੰਸਥਾਵਾਂ ਲਈ ਉਹ ਕੰਮ ਕਰਦੇ ਹਨ ਉਹਨਾਂ ਵਿਚਕਾਰ ਸਮੱਸਿਆਵਾਂ ਯੋਜਨਾਬੰਦੀ ਅਤੇ ਸੰਚਾਰ ਦੀ ਘਾਟ ਕਾਰਨ ਆਉਂਦੀਆਂ ਹਨ।

ਕਿਸੇ ਵੀ ਮਨੁੱਖੀ ਅੰਤਰ-ਕ੍ਰਿਆ ਵਾਂਗ, ਜਦੋਂ ਲੋਕ ਆਪਣੇ ਆਪ ਨੂੰ ਹਲਕਾ ਸਮਝਿਆ ਜਾਂ ਗਲਤ ਸਮਝਿਆ ਜਾਂਦਾ ਮਹਿਸੂਸ ਕਰਦੇ ਹਨ, ਤਾਂ ਵਿਵਾਦ ਦੀ ਸੰਭਾਵਨਾ ਵਧ ਜਾਂਦੀ ਹੈ। ਵਾਲੰਟੀਅਰਾਂ ਦੀ ਸ਼ਮੂਲੀਅਤ ਵਿੱਚ 'ਕੰਮ ਕਰਨ ਦੇ ਸਰਬੋਤਮ ਤਰੀਕਿਆਂ' ਦੀ ਪਾਲਣਾ ਕਰਕੇ, ਤੁਸੀਂ ਵਾਲੰਟੀਅਰਾਂ ਨਾਲ ਆਪਣੇ ਰਿਸ਼ਤੇ ਵਿੱਚ ਬਹੁਤ ਸਾਰੀਆਂ ਸੰਭਾਵੀ ਮੁਸ਼ਕਲਾਂ ਤੋਂ ਬਚ ਸਕਦੇ ਹੋ।

The National Standards for Volunteer Involvement (ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ) ਭਰਤੀ, ਸਿਖਲਾਈ ਅਤੇ ਕਾਰਗੁਜ਼ਾਰੀ ਪ੍ਰਬੰਧਨ ਬਾਰੇ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ।

### ਤਿਆਰ ਰਹੋ

ਰੋਕਥਾਮ ਸਭ ਤੋਂ ਵਧੀਆ ਦਵਾਈ ਹੈ। ਜੇ ਤੁਸੀਂ ਵਿਵਾਦ ਨਿਪਟਾਰੇ ਲਈ ਯੋਜਨਾਬੱਧ ਪਹੁੰਚ ਅਪਣਾਉਂਦੇ ਹੋ ਤਾਂ ਤੁਹਾਨੂੰ ਪੈਦਾ ਹੋਣ ਵਾਲੇ ਵਿਵਾਦਾਂ ਨਾਲ ਨਜਿੱਠਣ ਲਈ ਸਭ ਤੋਂ ਵਧੀਆ ਮੌਕਾ ਮਿਲੇਗਾ। ਇਸਦਾ ਮਤਲਬ ਹੈ ਕਿ ਤੁਸੀਂ ਕਿਸੇ ਸਮੱਸਿਆ ਨਾਲ ਕਿਵੇਂ ਨਜਿੱਠ ਸਕਦੇ ਹੋ ਅਤੇ ਆਪਣੀ ਨੀਤੀਆਂ ਅਤੇ ਕਾਰਜ-ਵਿਧੀਆਂ ਬਾਰੇ ਦਸਤਾਵੇਜ਼ ਬਣਾਉਣ ਬਾਰੇ ਪਹਿਲਾਂ ਤੋਂ ਸੋਚਣਾ ਹੈ।

ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਆਪਣੀਆਂ ਦੱਸੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹੋ, ਤੁਹਾਨੂੰ ਆਪਣੀ ਸੰਸਥਾ ਦੇ ਨਿਯਮਾਂ, ਸੰਵਿਧਾਨ ਜਾਂ ਹੋਰ ਨੀਤੀਆਂ ਦਾ ਹਵਾਲਾ ਦੇ ਕੇ ਸ਼ੁਰੂਆਤ ਕਰਨੀ ਚਾਹੀਦੀ ਹੈ।

ਤੁਹਾਨੂੰ ਫਿਰ ਵਿਚਾਰ ਕਰਨਾ ਚਾਹੀਦਾ ਹੈ ਕਿ:

- ਵਿਵਾਦ ਦੇ ਸ਼ੁਰੂਆਤੀ ਪੜਾਅ 'ਤੇ ਇਸ ਨਾਲ ਕੌਣ ਨਜਿੱਠੇਗਾ ਅਤੇ ਜੇਕਰ ਮੁੱਦਾ ਵੱਧਦਾ ਹੈ ਤਾਂ ਇਸ ਨਾਲ ਕੌਣ ਨਜਿੱਠੇਗਾ?
- ਕਿਵੇਂ, ਅਤੇ ਕਿਸ ਬਿੰਦੂ 'ਤੇ ਮੁੱਦੇ ਦਾ ਰਸਮੀ ਤੌਰ 'ਤੇ ਦਸਤਾਵੇਜ਼ੀਕਰਨ ਕੀਤਾ ਜਾਵੇਗਾ?
- ਮਾਰਗਦਰਸ਼ਨ ਲਈ ਤੁਸੀਂ ਕਿਹੜੇ ਸਰੋਤਾਂ 'ਤੇ ਨਿਰਭਰ ਕਰ ਸਕਦੇ ਹੋ, ਖ਼ਾਸ ਕਰਕੇ ਇੱਕ ਛੋਟੀ ਸੰਸਥਾ ਵਿੱਚ?
- ਵਿਵਾਦ ਨਿਪਟਾਰਾ ਪ੍ਰਕਿਰਿਆ ਦੇ ਹਰੇਕ ਪੜਾਅ ਲਈ ਸਮਾਂ-ਸੀਮਾਵਾਂ

## ਧਿਆਨ ਨਾਲ ਨਜਿੱਠਣਾ

ਗੰਭੀਰ ਵਿਵਾਦਾਂ ਦਾ ਵਿਆਪਕ ਪ੍ਰਭਾਵ ਹੋ ਸਕਦਾ ਹੈ। ਇਸ ਵਿੱਚ ਸ਼ਾਮਲ ਲੋਕਾਂ ਦੇ ਨਾਲ-ਨਾਲ, ਤੁਹਾਨੂੰ ਉਹਨਾਂ ਦੇ ਆਸ-ਪਾਸ ਦੇ ਦੂਸਰੇ ਲੋਕਾਂ 'ਤੇ ਉਸ ਵਿਵਾਦ ਦੇ ਪੈਣ ਵਾਲੇ ਪ੍ਰਭਾਵ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਦੂਸਰੇ ਲੋਕ ਜਿਨ੍ਹਾਂ ਨੂੰ ਇਹ ਪ੍ਰਭਾਵਿਤ ਕਰ ਸਕਦਾ ਹੈ ਉਹ ਬਾਕੀ ਦੇ ਵਾਲੰਟੀਅਰ, ਅਦਾਇਗੀਸ਼ੁਦਾ ਸਟਾਫ਼, ਅਤੇ ਇੱਥੋਂ ਤੱਕ ਕਿ ਗਾਹਕ ਵੀ ਹਨ।

ਤੁਸੀਂ ਕਿਸੇ ਵਿਵਾਦ ਨੂੰ ਕਿਵੇਂ ਨਜਿੱਠਦੇ ਹੋ, ਇਹ ਸਟਾਫ਼ ਅਤੇ ਵਾਲੰਟੀਅਰਾਂ ਦੇ ਮਨੋਬਲ 'ਤੇ ਲੰਬੇ ਸਮੇਂ ਲਈ ਪ੍ਰਭਾਵ ਪਾ ਸਕਦਾ ਹੈ। ਜੇਕਰ ਵਿਵਾਦ ਦੇ ਵੇਰਵੇ ਜਨਤਕ ਹੋ ਜਾਂਦੇ ਹਨ, ਤਾਂ ਇਹ ਤੁਹਾਡੇ ਜਨਤਕ ਅਕਸ ਅਤੇ ਭਵਿੱਖ ਦੀ ਭਰਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਵਿਵਾਦ ਦੇ ਨਤੀਜੇ ਨਾਲ ਨਜਿੱਠਣ ਲਈ ਉਚਿਤ ਤਰੀਕਿਆਂ ਬਾਰੇ ਕੁੱਝ ਵਿਚਾਰ ਕਰੋ। ਟੀਮ ਦੇ ਮੈਂਬਰਾਂ ਨਾਲ ਵਿਅਕਤੀਗਤ ਤੌਰ 'ਤੇ ਗੱਲ ਕਰਨਾ ਜਾਂ ਟੀਮ ਮੀਟਿੰਗ ਵਿੱਚ ਮੁੱਦੇ ਦੇ ਅੱਗੇ ਵਧਣ ਤੋਂ ਪਹਿਲਾਂ ਮੁੱਦਾ ਉਠਾਉਣਾ ਮਦਦਗਾਰ ਹੋ ਸਕਦਾ ਹੈ।

## ਵਾਲੰਟੀਅਰਾਂ ਲਈ ਅਧਿਕਾਰ

ਵਾਲੰਟੀਅਰ ਕੰਮ ਨੂੰ ਕਾਨੂੰਨ ਦੁਆਰਾ ਉਸੇ ਤਰ੍ਹਾਂ ਨਿਯੰਤ੍ਰਿਤ ਨਹੀਂ ਕੀਤਾ ਜਾਂਦਾ ਹੈ ਜਿਵੇਂ ਕਿ ਅਦਾਇਗੀਸ਼ੁਦਾ ਰੁਜ਼ਗਾਰ ਨੂੰ, ਹਾਲਾਂਕਿ, ਹੇਠਾਂ ਦਿੱਤੇ ਮਿਆਰਾਂ ਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ ਦੇ ਸਰਬੋਤਮ ਤਰੀਕਿਆਂ ਵਜੋਂ ਸਵੀਕਾਰ ਕੀਤਾ ਜਾਂਦਾ ਹੈ।

ਇੱਕ ਵਾਲੰਟੀਅਰ ਨੂੰ ਇਹ ਅਧਿਕਾਰ ਹੈ:

- ਉਸ ਸੰਸਥਾ ਬਾਰੇ ਜਾਣਕਾਰੀ ਲੈਣ ਦਾ, ਜਿਸ ਨਾਲ ਉਹ ਵਾਲੰਟੀਅਰ ਕਰ ਰਹੇ ਹਨ;
- ਇੱਕ ਅਰਥਪੂਰਨ ਭੂਮਿਕਾ ਵਿੱਚ ਇੱਕ ਸਪੱਸ਼ਟ ਤੌਰ 'ਤੇ ਲਿਖਿਆ ਨੌਕਰੀ ਦਾ ਵੇਰਵਾ;
- ਜਾਣਨ ਦਾ ਕਿ ਉਹ ਕਿਸ ਨੂੰ ਜਵਾਬਦੇਹ ਹਨ ਅਤੇ ਉਹਨਾਂ ਨੂੰ ਕਿਸ ਨੂੰ ਰਿਪੋਰਟ ਕਰਨੀ ਚਾਹੀਦੀ ਹੈ;
- ਉਹਨਾਂ ਦੇ ਯੋਗਦਾਨ ਲਈ ਅਤੇ ਟੀਮ ਦੇ ਇੱਕ ਕੀਮਤੀ ਮੈਂਬਰ ਵਜੋਂ ਮਾਨਤਾ ਪ੍ਰਾਪਤ ਕਰਨ ਦਾ ਜਿਸਦਾ ਉਹ ਹਿੱਸਾ ਹਨ;
- ਉਹਨਾਂ ਦੀ ਭੂਮਿਕਾ ਵਿੱਚ ਸਹਾਇਤਾ ਅਤੇ ਨਿਗਰਾਨੀ ਕੀਤੇ ਜਾਣ ਦਾ;
- ਇੱਕ ਸੁਰੱਖਿਅਤ ਅਤੇ ਸਿਹਤਮੰਦ ਕੰਮ ਵਾਲੀ ਥਾਂ ਦਾ;
- ਬੀਮੇ ਦੁਆਰਾ ਕਵਰ ਕੀਤੇ ਜਾਣ ਦਾ;
- ਜੇਕਰ ਉਹਨਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ ਤਾਂ 'ਨਾਂਹ' ਕਹਿਣ ਦਾ;
- ਉਹਨਾਂ ਦੁਆਰਾ ਕੀਤੇ ਗਏ ਕਿਸੇ ਵੀ ਜੇਬ ਤੋਂ ਬਾਹਰ ਦੇ ਖ਼ਰਚਿਆਂ ਲਈ ਭਰਪਾਈ ਕੀਤੇ ਜਾਣ ਦਾ;
- ਉਹਨਾਂ ਸਾਰੀਆਂ ਸੰਬੰਧਿਤ ਸੰਸਥਾਗਤਮਕ ਨੀਤੀਆਂ ਬਾਰੇ ਸਲਾਹ ਦੇਣ ਦਾ, ਜੋ ਉਹਨਾਂ ਨੂੰ ਵਾਲੰਟੀਅਰ ਵਜੋਂ ਉਹਨਾਂ ਦੀ ਭੂਮਿਕਾ ਵਿੱਚ ਪ੍ਰਭਾਵਿਤ ਕਰਦੀਆਂ ਹਨ;
- ਉਹਨਾਂ ਦੇ ਕੰਮ ਨੂੰ ਪ੍ਰਭਾਵਿਤ ਕਰਨ ਵਾਲੇ ਸਾਰੇ ਮਾਮਲਿਆਂ ਬਾਰੇ ਸੂਚਿਤ ਅਤੇ ਸਲਾਹ ਲੈਣ ਦਾ;
- ਸੰਸਥਾ ਦੀ ਸ਼ਿਕਾਇਤ ਪ੍ਰਕਿਰਿਆ ਤੋਂ ਜਾਣੂ ਕਰਵਾਏ ਜਾਣ ਦਾ;
- ਨਿੱਜਤਾ ਦਾ ਅਧਿਕਾਰ;
- ਫੀਡਬੈਕ ਪ੍ਰਦਾਨ ਕਰਨ ਦਾ ਮੌਕਾ ਮਿਲਣ ਦਾ; ਅਤੇ
- ਸੰਬੰਧਿਤ ਜਾਣਕਾਰੀ, ਇੰਡਕਸ਼ਨ ਅਤੇ ਸਿਖਲਾਈ ਤੱਕ ਪਹੁੰਚ ਕਰਨ ਦਾ।

## ਇੱਕ ਠੋਸ ਬੁਨਿਆਦ ਨਾਲ ਸ਼ੁਰੂਆਤ ਕਰੋ

ਵਾਲੰਟੀਅਰ ਕੰਮ ਨੂੰ ਕਾਨੂੰਨ ਦੁਆਰਾ ਉਸੇ ਤਰ੍ਹਾਂ ਨਿਯੰਤ੍ਰਿਤ ਨਹੀਂ ਕੀਤਾ ਜਾਂਦਾ ਹੈ ਜਿਵੇਂ ਕਿ ਅਦਾਇਗੀਸ਼ੁਦਾ ਰੁਜ਼ਗਾਰ ਨੂੰ ਕੀਤਾ ਜਾਂਦਾ ਹੈ। ਕਈ ਵਾਰ ਇਹ ਕਾਰਗੁਜ਼ਾਰੀ ਪ੍ਰਬੰਧਨ ਨੂੰ ਮੁਸ਼ਕਲ ਬਣਾ ਸਕਦਾ ਹੈ।

ਹੇਠਾਂ ਦਿੱਤੇ ਕੁੱਝ ਮੁੱਖ ਨੁਕਤੇ ਵਿਚਾਰ-ਵਟਾਂਦਰੇ ਦੌਰਾਨ ਹਵਾਲਾ ਦੇਣ ਲਈ ਜਾਣਕਾਰੀ ਸਿੱਧ ਕਰਨ ਵਿੱਚ ਮੱਦਦ ਕਰ ਸਕਦੇ ਹਨ।

- ਵਾਲੰਟੀਅਰਾਂ ਨੂੰ ਚੰਗੀ ਤਰ੍ਹਾਂ ਦਸਤਾਵੇਜ਼ੀ ਢੰਗ ਨਾਲ ਭਰਤੀ ਕਰੋ ਜੋ ਉਹਨਾਂ ਨੂੰ ਸਪੱਸ਼ਟ ਉਮੀਦਾਂ ਪ੍ਰਦਾਨ ਕਰਦਾ ਹੈ
- ਸਾਰੇ ਵਾਲੰਟੀਅਰਾਂ ਲਈ ਇਕਸਾਰ ਔਨਬੋਰਡਿੰਗ ਅਤੇ ਸਿਖਲਾਈ ਪ੍ਰਕਿਰਿਆ ਬਣਾਓ
- ਅਹੁਦੇ ਬਾਰੇ ਸਪੱਸ਼ਟ ਤੌਰ 'ਤੇ ਲਿਖਤੀ ਵੇਰਵਾ ਪ੍ਰਦਾਨ ਕਰੋ
- ਉਹਨਾਂ ਨੂੰ ਅਰਥਪੂਰਨ ਭੂਮਿਕਾ ਵਿੱਚ ਲਗਾਓ ਜੋ ਉਹਨਾਂ ਦੇ ਹੁਨਰ ਅਤੇ ਕਾਬਲੀਅਤਾਂ ਨਾਲ ਮੇਲ ਖਾਂਦਾ ਹੋਵੇ
- ਦੱਸੋ ਕਿ ਉਹ ਕਿਸ ਨੂੰ ਜਵਾਬਦੇਹ ਹਨ ਅਤੇ ਉਨ੍ਹਾਂ ਨੂੰ ਕਿਸ ਨੂੰ ਰਿਪੋਰਟ ਕਰਨੀ ਚਾਹੀਦੀ ਹੈ
- ਯਕੀਨੀ ਬਣਾਓ ਕਿ ਉਹਨਾਂ ਦਾ ਸਮਰਥਨ ਅਤੇ ਨਿਗਰਾਨੀ ਕੀਤੀ ਜਾਂਦੀ ਹੈ
- ਉਹਨਾਂ ਸਾਰੀਆਂ ਸੰਬੰਧਿਤ ਸੰਸਥਾਤਮਕ ਨੀਤੀਆਂ ਤੱਕ ਪਹੁੰਚ ਪ੍ਰਦਾਨ ਕਰੋ ਜੋ ਉਹਨਾਂ ਨੂੰ ਵਾਲੰਟੀਅਰ ਵਜੋਂ ਉਹਨਾਂ ਦੀ ਭੂਮਿਕਾ ਵਿੱਚ ਪ੍ਰਭਾਵਤ ਕਰਦੀਆਂ ਹਨ
- ਸੰਸਥਾ ਦੀਆਂ ਸ਼ਿਕਾਇਤਾਂ ਨਾਲ ਨਜਿੱਠਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਦਾਨ ਕਰੋ

ਭਰਤੀ ਅਤੇ ਇੰਡਕਸ਼ਨ ਵਿੱਚ ਨਿਰਪੱਖ ਪ੍ਰਕਿਰਿਆ ਦਾ ਪਾਲਣ ਕਰਨਾ, ਜੇ ਲੋੜ ਹੋਵੇ ਤਾਂ ਵਾਲੰਟੀਅਰਾਂ ਦੀ ਕਾਰਗੁਜ਼ਾਰੀ ਦਾ ਪ੍ਰਬੰਧਨ ਕਰਨ ਵਿੱਚ ਮੱਦਦ ਕਰੇਗਾ।

## ਮੁਸ਼ਕਲ ਗੱਲਬਾਤ ਲਈ ਸੁਝਾਅ

- ਮੁੱਦੇ ਦੀ ਪਛਾਣ ਕਰੋ
- ਪ੍ਰਕਿਰਿਆ ਦੇ ਸਪੱਸ਼ਟ ਦਸਤਾਵੇਜ਼ਾਂ ਨਾਲ ਸ਼ੁਰੂ ਕਰੋ
- ਧਾਰਨਾਵਾਂ ਨਾ ਬਣਾਓ। ਸਾਰੇ ਤੱਥਾਂ ਨੂੰ ਇਕੱਠਾ ਕਰਨਾ ਮਹੱਤਵਪੂਰਨ ਹੈ
- ਸਹਾਇਕ ਵਿਅਕਤੀ ਨੂੰ ਸ਼ਾਮਲ ਕਰਨ ਦਾ ਮੌਕਾ ਦਿਓ
- ਮੁੱਦੇ ਬਾਰੇ ਸਪੱਸ਼ਟ ਅਤੇ ਸਿੱਧੇ ਰਹੋ
- ਤੱਥਾਂ 'ਤੇ ਬਣੇ ਰਹੋ ਅਤੇ ਆਪਣੇ ਕੇਸ ਦਾ ਸਮਰਥਨ ਕਰਨ ਲਈ ਸਬੂਤ ਦੀ ਵਰਤੋਂ ਕਰੋ। ਇਸ ਜਾਣਕਾਰੀ ਦਾ ਖੁਲਾਸਾ ਕਰਦੇ ਸਮੇਂ ਗੁਪਤਤਾ 'ਤੇ ਵਿਚਾਰ ਕਰੋ
- ਵਿਅਕਤੀ ਦੀ ਬਜਾਏ ਮੁੱਦੇ 'ਤੇ ਧਿਆਨ-ਕੇਂਦਰਿਤ ਕਰੋ
- ਵਾਲੰਟੀਅਰ ਨੂੰ ਜਵਾਬ ਦੇਣ ਦਾ ਮੌਕਾ ਦਿਓ
- ਸਾਰੇ ਦ੍ਰਿਸ਼ਟੀਕੋਣਾਂ 'ਤੇ ਗੌਰ ਕਰੋ
- ਸ਼ਾਮਲ ਭਾਵਨਾਵਾਂ ਤੋਂ ਸੁਚੇਤ ਰਹੋ
- ਹੱਲ ਕੇਂਦਰਿਤ ਰਹੋ
- ਸਪੱਸ਼ਟ ਉਮੀਦਾਂ ਦੇ ਨਾਲ ਇੱਕ ਲਿਖਤੀ ਨਤੀਜਾ ਪ੍ਰਦਾਨ ਕਰੋ

### ਵਾਲੰਟੀਅਰ ਨੂੰ ਬਰਖ਼ਾਸਤ ਕਰਨਾ

ਦੁਰਲੱਭ ਮਾਮਲਿਆਂ ਵਿੱਚ, ਕਿਸੇ ਸੰਸਥਾ ਨੂੰ ਕਿਸੇ ਵਾਲੰਟੀਅਰ ਨੂੰ ਛੱਡਣ ਲਈ ਕਹਿਣ ਦੀ ਲੋੜ ਹੋ ਸਕਦੀ ਹੈ। ਲੋੜ ਪੈਣ ਤੋਂ ਪਹਿਲਾਂ ਤੁਹਾਨੂੰ ਇਸ ਘਟਨਾ ਵਿੱਚ ਤੁਹਾਡੀਆਂ ਕਾਰਵਾਈਆਂ ਦੀ ਅਗਵਾਈ ਕਰਨ ਲਈ 'ਬਰਖ਼ਾਸਤਗੀ' ਬਾਰੇ ਨੀਤੀ ਤਿਆਰ ਕਰਨੀ ਚਾਹੀਦੀ ਹੈ। ਨਾਲ ਹੀ ਨਾਲ, ਕੋਈ ਵੀ ਰੈਗੂਲੇਟਰੀ ਲੋੜਾਂ ਜੋ ਲਾਗੂ ਹੋ ਸਕਦੀਆਂ ਹਨ,

ਨੀਤੀ ਅਤੇ ਕਾਰਜ-ਵਿਧੀਆਂ ਵਿੱਚ ਇਸ ਗੱਲ ਦਾ ਵੇਰਵਾ ਹੋਣਾ ਚਾਹੀਦਾ ਹੈ:

- ਕਿਹੜੇ ਵਿਵਹਾਰ ਜਾਂ ਕਾਰਵਾਈਆਂ ਦੇ ਨਤੀਜੇ ਵਜੋਂ ਬਰਖ਼ਾਸਤਗੀ ਹੋ ਸਕਦੀ ਹੈ
- ਉਹ ਕਾਰਜ-ਵਿਧੀਆਂ ਜੋ ਬਰਖ਼ਾਸਤ ਕਰਨ ਦੇ ਫ਼ੈਸਲੇ ਤੋਂ ਪਹਿਲਾਂ ਹੋਣਗੀਆਂ, ਜਿਵੇਂ ਕਿ ਚੇਤਾਵਨੀਆਂ, ਸਲਾਹ-ਮਸ਼ਵਰੇ, ਅੱਗੇ ਦੀ ਸਿਖਲਾਈ ਜਾਂ ਦੁਬਾਰਾ ਨਿਯੁਕਤੀ
- ਇਸ ਪ੍ਰਕਿਰਿਆ ਵਿੱਚ ਕੌਣ ਸ਼ਾਮਲ ਹੋਵੇਗਾ, ਜਿਵੇਂ ਕਿ ਸੀਨੀਅਰ ਸਟਾਫ਼, ਬੋਰਡ ਮੈਂਬਰ
- ਫ਼ੈਸਲੇ ਬਾਰੇ ਅਪੀਲ ਕਰਨ ਦੇ ਵਿਕਲਪ
- ਬਰਖ਼ਾਸਤਗੀ ਕਿਵੇਂ ਕੀਤੀ ਜਾਵੇਗੀ, ਜਿਵੇਂ ਕਿ ਵਿਅਕਤੀਗਤ ਤੌਰ 'ਤੇ, ਲਿਖਤੀ ਰੂਪ ਵਿੱਚ

## ਤੁਹਾਨੂੰ ਲਾਜ਼ਮੀ ਤੌਰ 'ਤੇ ਕੀ ਕਰਨਾ ਚਾਹੀਦਾ ਹੈ

ਤੁਹਾਡੀ ਸੰਸਥਾ ਦੇ ਢਾਂਚਾਗਤ ਤਰੀਕੇ ਦੇ ਆਧਾਰ 'ਤੇ, ਤੁਸੀਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਇੱਕ ਘੋਸ਼ਿਤ ਨੀਤੀ ਅਤੇ ਪ੍ਰਕਿਰਿਆ ਰੱਖਣ ਲਈ ਕਾਨੂੰਨੀ ਜ਼ਿੰਮੇਵਾਰੀ ਦੇ ਅਧੀਨ ਹੋ ਸਕਦੇ ਹੋ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਰੇਗੂਲੇਟਿੰਗ ਬਾਡੀ ਦੁਆਰਾ ਨਿਰਧਾਰਤ ਕਾਰਜ-ਵਿਧੀਆਂ ਦੀ ਲਾਜ਼ਮੀ ਪਾਲਣਾ ਕਰਨੀ ਚਾਹੀਦੀ ਹੈ, ਜਾਂ ਜੁਰਮਾਨਿਆਂ ਜ਼ੋਖਮ ਚੁੱਕਣਾ ਚਾਹੀਦਾ ਹੈ।

## ਸੰਗਠਿਤ ਐਸੋਸੀਏਸ਼ਨਾਂ (ਇੰਕਾਰਪੋਰੇਟਡ ਐਸੋਸੀਏਸ਼ਨਜ਼)

ਵਿਕਟੋਰੀਅਨ ਐਸੋਸੀਏਸ਼ਨਜ਼ ਇਨਕਾਰਪੋਰੇਸ਼ਨ ਰਿਫਾਰਮ ਐਕਟ 2012 (Victorian Associations Incorporation Reform Act 2012) ਕਿਸੇ ਐਸੋਸੀਏਸ਼ਨ ਦੀ ਸ਼ਿਕਾਇਤ ਕਾਰਜ-ਵਿਧੀ ਲਈ ਖ਼ਾਸ ਲੋੜਾਂ ਦੀ ਰੂਪਰੇਖਾ ਦਿੰਦਾ ਹੈ। ਅਤੀਤ ਵਿੱਚ, ਸੰਸਥਾ ਇਸ ਪ੍ਰਕਿਰਿਆ ਨੂੰ ਨਿਯੰਤਰਿਤ ਕਰਨ ਲਈ ਆਪਣੀ ਖੁਦ ਦੀ ਬਣਾਈ ਗਈ ਸ਼ਿਕਾਇਤ ਵਿਧੀ ਦੀ ਪਾਲਣਾ ਕਰਦੀ ਸੀ।

ਕਿਸੇ ਐਸੋਸੀਏਸ਼ਨ ਦੀ ਸ਼ਿਕਾਇਤ ਕਾਰਜ-ਵਿਧੀ ਨੂੰ ਵਿਵਾਦ ਵਿੱਚ ਸ਼ਾਮਲ ਸਾਰਿਆਂ ਨੂੰ ਸੁਣੇ ਜਾਣ ਦਾ ਮੌਕਾ ਪ੍ਰਦਾਨ ਕਰਨਾ ਚਾਹੀਦਾ ਹੈ, ਵਿਵਾਦ ਨੂੰ ਹੱਲ ਕਰਨ ਲਈ ਇੱਕ ਨਿਰਪੱਖ ਫ਼ੈਸਲਾ ਲੈਣ ਵਾਲੇ ਨੂੰ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ।

## ਬਾਹਰੀ ਸ਼ਮੂਲੀਅਤ

ਵਾਲੰਟੀਅਰ ਕੰਮ ਸੰਬੰਧੀ ਵਿਵਾਦਾਂ ਵਿੱਚ ਦਖ਼ਲ ਦੇਣ ਲਈ ਕੋਈ ਵੀ ਇੱਕ ਸੰਸਥਾ ਜ਼ਿੰਮੇਵਾਰ ਨਹੀਂ ਹੈ। ਵਾਲੰਟੀਅਰ ਜਾਂ ਸੰਸਥਾਵਾਂ ਜੋ ਵਿਵਾਦ ਨੂੰ ਕਿਸੇ ਬਾਹਰੀ ਸੰਸਥਾ ਵਿੱਚ ਲਿਜਾਣ ਦਾ ਫ਼ੈਸਲਾ ਕਰਦੇ ਹਨ, ਉਹਨਾਂ ਕੋਲ ਆਮ ਤੌਰ 'ਤੇ ਤਿੰਨ ਵਿਕਲਪ ਹੁੰਦੇ ਹਨ।

» **ਵਿਚੋਲਗੀ:**

The Dispute Settlement Centre Victoria (ਡਿਸਪਿਊਟ ਸੈਟਲਮੈਂਟ ਸੈਂਟਰ ਵਿਕਟੋਰੀਆ) ਅਤੇ ਪ੍ਰਾਈਵੇਟ ਵਿਚੋਲੇ ਸਵੈ-ਇੱਛਤ ਵਿਚੋਲਗੀ ਸੇਵਾਵਾਂ ਪੇਸ਼ ਕਰਦੇ ਹਨ। ਨੋਟ ਕਰੋ ਕਿ ਵਿਚੋਲਗੀ ਵਿਚ ਭਾਗੀਦਾਰੀ ਸਵੈਇੱਛਤ ਹੁੰਦੀ ਹੈ; ਵਿਚੋਲਾ ਗੱਲਬਾਤ ਦੀ ਅਗਵਾਈ

ਕਰਨ ਲਈ ਹੁੰਦਾ ਹੈ ਅਤੇ ਇਸ ਮਾਮਲੇ 'ਤੇ ਫ਼ੈਸਲਾ ਨਹੀਂ ਕਰ ਸਕਦਾ ਹੈ।

» **ਰੈਗੂਲੇਟਰ:**
ਕਿਸੇ ਸੰਸਥਾ ਦੇ ਕਾਨੂੰਨੀ ਢਾਂਚੇ 'ਤੇ ਨਿਰਭਰ ਕਰਦੇ ਹੋਏ, ਕਿਸੇ ਸੰਬੰਧਿਤ ਰੈਗੂਲੇਟਰ ਨੂੰ ਸ਼ਾਮਲ ਕਰਨ ਦੀ ਲੋੜ ਹੋ ਸਕਦੀ ਹੈ - ਉਦਾਹਰਨ ਲਈ, ਖਪਤਕਾਰ ਮਾਮਲੇ ਵਿਕਟੋਰੀਆ (Consumer Affairs Victoria), ਜੋ ਕਿ ਸੰਗਠਿਤ ਐਸੋਸੀਏਸ਼ਨਾਂ ਨੂੰ ਨਿਯੰਤ੍ਰਿਤ ਕਰਦਾ ਹੈ।

» **ਅਦਾਲਤ:**
ਇੱਕ ਹੋਰ ਵਿਕਲਪ ਅਦਾਲਤਾਂ ਰਾਹੀਂ ਸਿਵਲ ਕਾਰਵਾਈ ਕਰਨਾ ਹੈ, ਪਰ ਇਹ ਤਣਾਅਪੂਰਨ, ਸਮਾਂ ਲੈਣ ਵਾਲਾ ਅਤੇ ਮਹਿੰਗਾ ਹੋ ਸਕਦਾ ਹੈ। Volunteering Victoria ਸਿਫ਼ਾਰਿਸ਼ ਕਰਦੀ ਹੈ ਕਿ ਤੁਸੀਂ ਇਸ ਬਾਰੇ ਸੋਚੋ ਅਤੇ ਇਸ ਮਾਰਗ 'ਤੇ ਅੱਗੇ ਵਧਣ ਤੋਂ ਪਹਿਲਾਂ ਕਾਨੂੰਨੀ ਸਲਾਹ ਲਓ।

## ਹੋਰ ਜਾਣਕਾਰੀ

ਵਾਲੰਟੀਅਰ ਕੰਮ ਕਰਨ ਲਈ Victoria ਦੀ ਪੀਕ ਬਾਡੀ ਹੋਣ ਦੇ ਨਾਤੇ, ਤੁਸੀਂ ਹਮੇਸ਼ਾ ਭਰੋਸੇਯੋਗ ਸਰੋਤਾਂ ਅਤੇ ਸਲਾਹ ਲਈ ਸਾਡੇ ਕੋਲ ਆ ਸਕਦੇ ਹੋ। *ਵਿਵਾਦ ਨਾਲ ਨਜਿੱਠਣ* ਬਾਰੇ ਤੁਹਾਡੀ ਸਮਝ ਨੂੰ ਜਾਰੀ ਰੱਖਣ ਲਈ ਹੇਠਾਂ ਕੁੱਝ ਮਦਦਗਾਰ ਲਿੰਕ ਅਤੇ ਸਰੋਤ ਦਿੱਤੇ ਗਏ ਹਨ।

» Volunteering Victoria ਦੀ ਵੈੱਬਸਾਈਟ ਸਮੇਂ ਸਿਰ ਅਤੇ ਭਰੋਸੇਮੰਦ ਸਹਾਇਤਾ, ਸਿਖਲਾਈ, ਸਰੋਤਾਂ ਅਤੇ ਮਾਹਰ ਸਲਾਹ ਦੇ ਨਾਲ, ਵਾਲੰਟੀਅਰ ਕਰਨ ਵਾਲੀਆਂ ਸਾਰੀਆਂ ਚੀਜ਼ਾਂ ਲਈ ਤੁਹਾਡਾ ਸਭ ਕੁਝ ਲਈ ਜਾਣਨ ਦਾ ਸਥਾਨ ਹੈ।

### ਜੋ ਤੁਸੀਂ ਲੱਭ ਰਹੇ ਹੋ ਉਹ ਨਹੀਂ ਲੱਭ ਪਾ ਰਹੇ?

ਆਪਣੇ ਸਵਾਲਾਂ ਲਈ ਕਿਸੇ ਵੀ ਸਮੇਂ Volunteering Victoria ਦੀ ਟੀਮ ਨਾਲ info@volunteeringvictoria.org.au 'ਤੇ ਸੰਪਰਕ ਕਰੋ।

**Volunteering Victoria ਦੀ ਵੈੱਬਸਾਈਟ**

| | | |
|---|---|---|
| ਮੋਹਰੀ ਵਾਲੰਟੀਅਰਾਂ ਲਈ ਗਾਈਡ | ਵਾਲੰਟੀਅਰ ਸ਼ਮੂਲੀਅਤ ਲਈ ਰਾਸ਼ਟਰੀ ਮਿਆਰ | ਸਿਖਲਾਈ ਅਤੇ ਵਰਕਸ਼ਾਪਾਂ<br>*(ਕੁੱਝ **ਮੁਫਤ ਵਿੱਚ** ਪੇਸ਼ ਕੀਤੇ ਜਾਂਦੇ ਹਨ)* |
| ਵਾਲੰਟੀਅਰ ਮੈਨੇਜਰਾਂ ਲਈ ਰਾਸ਼ਟਰੀ ਪੱਧਰ ਦਾ ਜਾਣਕਾਰੀ ਭੰਡਾਰ | ਵਿਵਾਦ ਨਿਪਟਾਰਾ ਕੇਂਦਰ ਵਿਕਟੋਰੀਆ<br>(The Dispute Settlement Centre Victoria) | ਖਪਤਕਾਰ ਮਾਮਲੇ ਵਿਕਟੋਰੀਆ<br>(Consumer Affairs Victoria) |

© Volunteering Victoria 2024 | ਮਾਰਚ 2024 ਨੂੰ ਸਮੀਖਿਆ ਕੀਤੀ ਗਈ। Volunteering Victoria ਵਾਲੰਟੀਅਰ ਕੰਮਾਂ ਲਈ ਰਾਜ ਦੀ ਪੀਕ ਬਾਡੀ ਹੈ। ABN 79 378 017 212
ਇਹ ਲੇਖ ਸਿਰਫ਼ ਆਮ ਜਾਣਕਾਰੀ ਹੈ, ਕਾਨੂੰਨੀ ਸਲਾਹ ਨਹੀਂ ਹੈ। ਜੇਕਰ ਤੁਸੀਂ ਪੂਰੀ ਪੱਕੀ ਤਰ੍ਹਾਂ ਯਕੀਨੀ ਨਹੀਂ ਹੋ, ਤਾਂ ਹਮੇਸ਼ਾ ਆਪਣੀਆਂ ਲੋੜਾਂ ਦੇ ਸੰਬੰਧ ਵਿੱਚ ਕਿਸੇ ਕਾਨੂੰਨੀ ਪੇਸ਼ੇਵਰ ਨਾਲ ਸਲਾਹ ਕਰੋ। ਕਾਨੂੰਨੀ ਸਲਾਹ ਪ੍ਰਾਪਤ ਕਰਨ ਲਈ ਮਾਰਗਦਰਸ਼ਨ ਲੈਣ ਲਈ, ਜਸਟਿਸ ਕਨੈਕਟ - nfplaw.org.au 'ਤੇ ਜਾਓ।

ਇਸ ਸਰੋਤ ਦਾ ਅਨੁਵਾਦ ਪੋਲਾਰਨ ਲੈਂਗੁਏਜ ਸਰਵਿਸ ਦੁਆਰਾ ਕੀਤਾ ਗਿਆ ਹੈ। ਤੁਸੀਂ ਆਪਣਾ ਫੀਡਬੈਕ https://feedbacknow.services/ 'ਤੇ ਸਾਂਝਾ ਕਰ ਸਕਦੇ ਹੋ।